Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੂੰ ਫੋਰਬਸ ਵੱਲੋਂ 2020 ਵਿੱਚ ਕੈਨੇਡਾ ਦੇ ਬੈਸਟ ਇੰਪਲਾਇਰਸ ਵਿੱਚੋਂ ਇੱਕ ਦੇ ਤੌਰ ਦੇ ਮਾਨਤਾ ਦਿੱਤੀ ਗਈ

ਬ੍ਰੈਂਪਟਨ, ਓਨਟੈਰੀਓ (7 ਫਰਵਰੀ, 2020) – ਜਨਵਰੀ 2020 ਵਿੱਚ, ਸਿਟੀ ਆਫ ਬ੍ਰੈਂਪਟਨ ਨੂੰ ਫੋਰਬਸ (Forbes) ਵੱਲੋਂ ਕੈਨੇਡਾ ਦੇ ਬੈਸਟ ਇੰਪਲਾਇਰਸ 2020 (Canada's Best Employers 2020) ਵਿੱਚੋਂ ਇੱਕ ਦੇ ਤੌਰ ਤੇ ਮਾਨਤਾ ਦਿੱਤੀ ਗਈ ਸੀ। ਇਹ ਕੈਨੇਡਾ ਵਿੱਚ 300 ਸਰਬੋਤਮ ਇੰਪਲਾਇਰਸ ਦੀ ਸੂਚੀ ਹੈ।

2019 ਵਿੱਚ, ਸਿਟੀ ਆਫ ਬ੍ਰੈਂਪਟਨ ਨੂੰ ਫੋਰਬਸ ਸੂਚੀ (Forbes List) ਵਿੱਚ 66ਵਾਂ ਦਰਜਾ ਮਿਲਿਆ ਸੀ। 2020 ਵਿੱਚ, ਸਿਟੀ, 300 ਵਿੱਚੋਂ 48ਵੇਂ ਦਰਜੇ ਤੇ ਪਹੁੰਚ ਗਈ। ਸੂਚੀ ਵਿੱਚ, ਸਿਟੀ ਆਫ ਓਟਾਵਾ (City of Ottawa) ਦੇ ਨਾਲ ਸਿਟੀ, ਸਰਬੋਤਮ 50 ਵਿੱਚ ਸਿਰਫ਼ ਦੋ ਕੈਨੇਡਿਅਨ ਗਵਰਨਮੈਂਟ ਸਰਵਿਸਿਜ (Canadian Government Services) ਸੰਗਠਨਾਂ ਵਿੱਚੋਂ ਇੱਕ ਸੀ।

ਫੋਰਬਸ ਨੇ ਕੈਨੇਡਾ ਦੇ ਸਰਬੋਤਮ ਇੰਪਲਾਇਰਸ ਦੀ ਸਾਲਾਨਾ ਰੈਂਕਿੰਗ ਵਿੱਚ ਕਰਮਚਾਰੀਆਂ ਵੱਲੋਂ ਬਿਹਤਰ ਦੇ ਤੌਰ ਤੇ ਪਸੰਦ ਕੀਤੀਆਂ ਗਈਆਂ ਕੰਪਨੀਆਂ ਦੀ ਪਛਾਣ ਕਰਨ ਲਈ ਮਾਰਕੀਟ ਰਿਸਰਚ ਕੰਪਨੀ ਸਟੇਟਿਸਟਾ (Statista) ਨਾਲ ਭਾਈਵਾਲੀ ਕੀਤੀ।

ਉੱਤਰ ਦੇਣ ਵਾਲਿਆਂ ਨੂੰ ਬਿਨਾਂ ਆਪਣਾ ਨਾਮ ਦਿੱਤੇ, ਜ਼ੀਰੋ ਤੋਂ 10 ਤੱਕ ਦੇ ਪੈਮਾਨੇ ਤੇ, ਦਰਜਾ ਦੇਣ ਲਈ ਆਖਿਆ ਗਿਆ ਸੀ ਕਿ ਕਿੰਨੀ ਸੰਭਾਵਨਾ ਹੈ ਕਿ ਉਹ ਦੂਜਿਆਂ ਨੂੰ ਆਪਣੇ ਇੰਪਲਾਇਰ ਨਾਲ ਕੰਮ ਕਰਨ ਦੀ ਸਿਫ਼ਾਰਿਸ਼ ਕਰਨਗੇ। ਉਸਦੇ ਬਾਅਦ ਸਟੇਟਿਸਟਾ ਨੇ ਉੱਤਰ ਦੇਣ ਵਾਲਿਆਂ ਨੂੰ ਆਪਣੇ ਸੰਗਠਨਾਂ ਨੂੰ ਛੱਡ ਕੇ ਹੋਰ ਸੰਗਠਨਾਂ ਨੂੰ ਨਾਮਾਂਕਿਤ ਕਰਨ ਲਈ ਆਖਿਆ। ਘੱਟੋ-ਘੱਟ 500 ਕਰਮਚਾਰੀਆਂ ਵਾਲੇ ਕਾਰੋਬਾਰੀਆਂ ਦੇ ਨਾਲ ਕੰਮ ਕਰਨ ਵਾਲੇ 8,000 ਕੈਨੇਡਾ ਵਾਸੀਆਂ ਦਾ ਸਰਵੇਖਣ ਕਰਕੇ ਪ੍ਰਾਪਤ ਕੀਤੀ, ਅੰਤਿਮ ਸੂਚੀ ਵਿੱਚ 300 ਅਜਿਹੇ ਇੰਪਲਾਇਰਸ ਨੂੰ ਦਰਜਾ ਦਿੱਤਾ ਗਿਆ, ਜਿਹਨਾਂ ਨੂੰ ਸਭ ਤੋਂ ਵੱਧ ਸਿਫ਼ਾਰਿਸ਼ਾਂ ਪ੍ਰਾਪਤ ਹੋਈਆਂ ਸਨ।

**ਸੰਖੇਪ ਤੱਥ**

- ਨਵੰਬਰ 2019 ਵਿੱਚ, ਸਿਟੀ ਆਫ ਬ੍ਰੈਂਪਟਨ ਨੇ ਪੰਜ-ਸਾਲਾ, ਵਰਕਪਲੇਸ ਡਾਈਵਰਸਿਟੀ ਐਂਡ ਇਨਕਲੂਜਨ ਸਟ੍ਰੈਟਜੀ ਐਂਡ ਵਰਕ ਪਲਾਨ (Workplace Diversity and Inclusion Strategy and Work Plan) ਤਿਆਰ ਕੀਤਾ। ਇਹ ਵੱਧ ਸ਼ਮੂਲੀਅਤ ਵਾਲਾ ਅਜਿਹਾ ਸੰਗਠਨਾਤਮਕ ਸੱਭਿਆਚਾਰ ਵਿਕਸਿਤ ਕਰਨ ਦੇ ਮੌਕੇ ਪ੍ਰਦਾਨ ਕਰਦਾ ਹੈ, ਜੋ ਆਪਣੇ ਲੋਕਾਂ ਨੂੰ ਸ਼ਾਮਲ ਕਰਦਾ ਹੋਵੇ, ਉਹਨਾਂ ਨੂੰ ਵਿਕਸਿਤ ਕਰਦਾ ਹੋਵੇ ਅਤੇ ਉਹਨਾਂ ਦਾ ਜਸ਼ਨ ਮਨਾਉਂਦਾ ਹੋਵੇ ਅਤੇ ਵੰਨ-ਸੁਵੰਨੇ ਕਾਰਜਬਲ ਨੂੰ ਆਕਰਸ਼ਿਤ ਕਰਦਾ ਹੋਵੇ।
- ਬ੍ਰੈਂਪਟਨ, ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਵਾਲੇ ਵੱਧਣ ਵਾਲਾ ਅਤੇ 9ਵਾਂ ਸਭ ਤੋਂ ਵੱਡਾ ਸ਼ਹਿਰ ਹੈ।

**ਹਵਾਲੇ**

"ਸਿਟੀ ਆਫ ਬ੍ਰੈਂਪਟਨ, ਮੌਜੂਦਾ ਅਤੇ ਪੂਰਵ ਕਰਮਚਾਰੀਆਂ ਅਤੇ ਉਹਨਾਂ ਦੀ ਪਸੰਦ ਦਾ ਇੰਪਲਾਇਰ ਹੈ, ਜੋ ਸਾਡੇ ਭਾਈਚਾਰੇ ਦੇ ਨਿਰਮਾਣ ਵਿੱਚ ਸਿਟੀ ਆਫ ਬ੍ਰੈਂਪਟਨ ਵੱਲੋਂ ਕੀਤੇ ਜਾਣ ਵਾਲੇ ਮਹੱਤਵਪੂਰਣ ਕੰਮ ਨੂੰ ਪਛਾਣਦੇ ਹਨ ਅਤੇ ਉਸ ਵਿੱਚ ਦਿਲਚਸਪੀ ਲੈਂਦੇ ਹਨ। ਸਾਨੂੰ ਫੋਰਬਸ ਵੱਲੋਂ ਕੈਨੇਡਾ ਦੇ ਟੌਪ ਇੰਪਲਾਇਰਸ ਵਿੱਚੋਂ ਇੱਕ ਦੇ ਤੌਰ ਤੇ ਮਾਨਤਾ ਮਿਲਣ ਤੇ ਮਾਣ ਹੈ!"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ, ਕੈਨੇਡਾ ਦੇ ਟੌਪ ਇੰਪਲਾਇਰਸ ਵਿੱਚੋਂ ਇੱਕ ਹੈ ਅਤੇ ਬ੍ਰੈਂਪਟਨ, ਕੈਨੇਡਾ ਦੇ ਜ਼ਿਆਦਾਤਰ ਵੰਨ-ਸੁਵੰਨੇ ਭਾਈਚਾਰਿਆਂ ਵਿੱਚੋਂ ਇੱਕ ਹੈ। ਪਿਛਲੇ ਸਾਲ, ਅਸੀਂ ਪੰਜ-ਸਾਲਾ ਵਰਕਪਲੇਸ ਡਾਈਵਰਸਿਟੀ ਐਂਡ ਇਨਕਲੂਜਨ ਸਟ੍ਰੈਟਜੀ ਐਂਡ ਵਰਕ ਪਲਾਨ ਸਮੇਤ, ਕਈ ਨਵੀਆਂ ਪਹਿਲਕਦਮੀਆਂ ਦੀ ਸ਼ੁਰੂਆਤ ਕੀਤੀ ਸੀ। ਇਹ ਸਾਡੇ ਭਾਈਚਾਰੇ ਦੇ ਮੋਜੈਕ ਨੂੰ ਬਿਹਤਰ ਢੰਗ ਨਾਲ ਦਰਸਾਉਣ ਵਿੱਚ ਸਾਡੇ ਸੰਗਠਨ ਦੀ ਮਦਦ ਕਰਨਗੀਆਂ।"

- *ਹਰਕੀਰਤ ਸਿੰਘ (Harkirat Singh), ਚੇਅਰ, ਕਾਰਪੋਰੇਟ ਸਰਵਿਸਿਜ; ਸਿਟੀ ਕਾਉਂਸਲਰ, ਵਾਰਡਸ 9 ਅਤੇ 10, ਸਿਟੀ ਆਫ ਬ੍ਰੈਂਪਟਨ*

"ਅਸੀਂ ਦੇਸ਼ ਵਿੱਚ ਸਭ ਤੋਂ ਵੱਧ ਨੌਜਵਾਨ ਅਬਾਦੀ ਵਾਲੇ, ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ, ਸਭ ਤੋਂ ਵੱਧ ਵੰਨ-ਸੁਵੰਨੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ ਬ੍ਰੈਂਪਟਨ ਵਿੱਚ ਤਬਦੀਲੀ ਲਿਆ ਰਹੇ ਹਾਂ। ਸਾਡਾ ਉਦੇਸ਼ ਹੈ ਕਿ ਅਸੀਂ ਬ੍ਰੈਂਪਟਨ ਨੂੰ ਭਵਿੱਖ ਦੇ ਉੱਭਰਦੇ ਗਲੋਬਲ ਸ਼ਹਿਰ ਦੇ ਤੌਰ ਤੇ ਲਿਆਉਣ ਲਈ ਉੱਚਾ ਅਤੇ ਵੱਡਾ ਸੋਚੀਏ। ਇਹ ਰੋਮਾਂਚਕ ਗੱਲ ਹੈ ਕਿ ਫੋਰਬਸ ਨੇ ਸਾਡੇ ਸੰਗਠਨ ਨੂੰ ਮਾਨਤਾ ਦਿੱਤੀ ਹੈ। ਇਹ ਸ਼ਾਮਲ, ਉਤਸ਼ਾਹਿਤ ਅਤੇ ਸਮਰੱਥ ਕਰਮਚਾਰੀਆਂ ਦੀ ਸਾਡੀ ਸਮਰਪਿਤ ਟੀਮ ਦੀ ਝਲਕ ਹੈ, ਜੋ ਬ੍ਰੈਂਪਟਨ ਲਈ ਰੋਜ਼ਾਨਾ ਨਤੀਜੇ ਪ੍ਰਦਾਨ ਕਰ ਰਹੇ ਹਨ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca